AQA

# GCSE PANJABI

# F

Foundation Tier Paper 1 Listening Test Transcript

Wednesday 14 June 2023 Afternoon Time allowed: 35 minutes approximately
(including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

This is what you should do for each item.

- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer all the questions in the spaces provided. Do **not** write outside the box around each page or on blank pages.
- Write neatly and put down **all** the information you are asked to give.
- **Ask any questions now. You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the test has started, the invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the invigilator should pause the recording until the questions have been answered. The recording should then be restarted.

## Section A

Questions and answers in **English**.

| 0 | 1 | **M1** ਮੈਂ ਰੇਲਗੱਡੀ ਵਿੱਚ ਬਸ ਨਾਲੋਂ ਜ਼ਿਆਦਾ ਸਫਰ ਕਰਨਾ ਪਸੰਦ ਕਰਦਾ ਹਾਂ।

**0 2** **F1** ਮੈਂ ਦਿੱਲੀ ਤੋਂ ਪੰਜਾਬ ਫਲਾਈਟ ਵਿੱਚ ਹੀ ਸਫਰ ਕਰਨਾ ਪਸੰਦ ਕਰਦੀ ਹਾਂ।

**0 3** **M1** ਮੈਂ ਇਤਿਹਾਸ ਪੜ੍ਹਨਾ ਪਸੰਦ ਨਹੀਂ ਕਰਦਾ ਕਿਉਂਕਿ ਮੈਨੂੰ ਤਰੀਕਾਂ ਭੁੱਲ ਜਾਂਦੀਆਂ ਹਨ ਪਰ ਮੈਨੂੰ ਅੰਗਰੇਜ਼ੀ ਦਾ ਵਿਸ਼ਾ ਪੜ੍ਹਨ ਵਿੱਚ ਬਹੁਤ ਮਜ਼ਾ ਆਉਂਦਾ ਹੈ ਖਾਸ ਕਰਕੇ ਜਦੋਂ ਅਸੀਂ ਇਕੱਠੇ ਹੋ ਕੇ ਕੰਮ ਕਰਦੇ ਹਾਂ।

**0 4** **M2** ਮੈਨੂੰ ਤੁਹਾਡੇ ਕਲੱਬ ਦਾ ਮੈਂਬਰ ਬਣਨ ਲਈ ਜਾਣਕਾਰੀ ਚਾਹੀਦੀ ਹੈ?

**F2** ਸਾਡੇ ਕਲੱਬ ਦਾ ਮੈਂਬਰ ਬਣਨ ਲਈ ਫੀਸ 500 ਰੁਪਏ ਪ੍ਰਤੀ ਮਹੀਨਾ ਹੈ ਅਤੇ ਤੁਸੀਂ ਜਦੋ ਮਰਜ਼ੀ ਤੈਰਨ ਲਈ ਆ ਸਕਦੇ ਹੋ। ਫਿਟਨੈਸ ਕਲਾਸਾਂ ਵਿੱਚ ਸ਼ਾਮਲ ਹੋਣ ਲਈ ਤੁਹਾਨੂੰ ਬੁਕਿੰਗ ਕਰਨੀ ਪੈਂਦੀ ਹੈ। ਪਰਿਵਾਰ ਦੀ ਮੈਂਬਰਸ਼ਿਪ ਲੈਣ ਲਈ ਕੀਮਤ ਅੱਧੀ ਹੈ। ਕਲੱਬ ਸਾਰਾ ਸਾਲ ਹਫਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ।

**0 5** **M1** ਮੇਰੇ ਚਾਚਾ ਜੀ ਦਾ ਮੁੰਡਾ ਧਾਰਮਿਕ ਰਸਮਾਂ ਵਿੱਚ ਵਿਸ਼ਵਾਸ਼ ਨਹੀਂ ਕਰਦਾ ਇਸ ਕਰਕੇ ਉਹ ਆਪਣੇ ਵਿਆਹ ਦੀ ਰਸਮ ਟਾਊਨ ਹਾਲ ਵਿੱਚ ਕਰੇਗਾ।

**0 6** **M1** ਵਿਆਹ ਗਰਮੀਆਂ ਵਿੱਚ ਹੋਵੇਗਾ ਕਿਉਂਕਿ ਮੌਸਮ ਚੰਗਾ ਹੁੰਦਾ ਹੈ।

**0 7** **M1** ਵਿਆਹ ਤੋਂ ਬਾਅਦ ਪਾਰਟੀ ਉਸ ਦੇ ਘਰ ਵਿੱਚ ਹੀ ਹੋਵੇਗੀ ਕਿਉਂਕਿ ਉਨ੍ਹਾਂ ਦਾ ਘਰ ਬਹੁਤ ਵੱਡਾ ਹੈ।

**0 8** **M1** ਹਰਨੀਤ ਤੁਹਾਡਾ ਨਵਾਂ ਸਕੂਲ ਕਿਸ ਤਰ੍ਹਾਂ ਦਾ ਹੈ ?

**M2** ਮੇਰੇ ਨਵੇਂ ਸਕੂਲ ਦੀ ਪੜ੍ਹਾਈ ਬਹਤ ਚੰਗੀ ਹੈ ਪਰ ਮੈਨੂੰ ਦੋਸਤ ਬਣਾਉਣ ਦੀ ਬਹੁਤ ਮੁਸ਼ਕਲ ਆ ਰਹੀ ਹੈ। ਰਮਨ, ਤੁਸੀਂ ਆਪਣੇ ਸਕੂਲ ਬਾਰੇ ਦੱਸੋ।

**M1** ਮੇਰੇ ਸਕੂਲ ਦੀ ਪੜ੍ਹਾਈ ਵੀ ਬਹੁਤ ਚੰਗੀ ਹੈ ਪਰ ਮੈਂ ਕਲਾਸ ਵਿੱਚ ਗੱਲਾਂ ਬਹੁਤ ਕਰਦਾ ਹਾਂ ਇਸ ਕਰਕੇ ਅਧਿਆਪਕ ਮੈਨੂੰ ਹਮੇਸ਼ਾ ਗੁੱਸੇ ਹੁੰਦੇ ਰਹਿੰਦੇ ਹਨ।

**0 9** **M2** ਮੈਂ ਛੁੱਟੀਆਂ ਤੇ ਜਾ ਕੇ ਕੈਰਾਵੈਨ ਨਾਲੋਂ ਹੋਟਲ ਵਿੱਚ ਰਹਿਣ ਨੂੰ ਪਹਿਲ ਦਿੰਦਾ ਹਾਂ। ਮੇਰਾ ਦੋਸਤ ਸਮੁੰਦਰ ਦੇ ਕੰਢੇ ਛੁੱਟੀਆਂ ਮਨਾਉਣਾ ਪਸੰਦ ਕਰਦਾ ਹੈ ਕਿਉਂਕਿ ਉਸ ਨੂੰ ਰੇਤ ਦੇ ਮਹਿਲ ਬਣਾਉਣਾ ਬਹੁਤ ਪਸੰਦ ਹੈ।

**1 0** **F1** ਮੇਰਾ ਨਾਂ ਪ੍ਰੀਤੀ ਹੈ, ਜੇ ਮੈਂ ਇਹ ਮੁਕਾਬਲਾ ਜਿੱਤ ਗਈ ਤਾਂ ਮੈਂ ਆਪਣੇ ਦਾਦੀ ਜੀ ਨੂੰ ਪੰਜਾਬ ਲੈ ਕੇ ਜਾਵਾਂਗੀ।

**1 1** **M1** ਮੇਰਾ ਨਾਂ ਹਰਜਾਪ ਹੈ, ਜੇ ਮੈਂ ਇਹ ਮੁਕਾਬਲਾ ਜਿੱਤ ਗਿਆ ਤਾਂ ਮੈਂ ਛੁੱਟੀਆਂ ਤੇ ਜਾਵਾਂਗਾ।

**1 2** **F2** ਮੇਰਾ ਨਾਂ ਸੁਰਿੰਦਰ ਹੈ, ਜੇ ਮੈਂ ਇਹ ਮੁਕਾਬਲਾ ਜਿੱਤ ਗਈ ਤਾਂ ਮੇਰਾ ਕਾਰ ਖਰੀਦਣ ਦਾ ਸੁਪਨਾ ਪੂਰਾ ਜਾਵੇਗਾ।

**13** **F1** ਮੈਨੂੰ ਆਪਣੀ ਭੈਣ ਦੇ ਜਨਮ ਦਿਨ ਦੀ ਪਾਰਟੀ ਤੇ ਬਹੁਤ ਮਜ਼ਾ ਆਇਆ ਕਿਉਂਕਿ ਅਸੀਂ ਮਨੋਰੰਜਨ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ।

**14** **M1** ਮੇਰੇ ਦੋਸਤ ਦੇ ਜਨਮ ਦਿਨ ਦੀ ਪਾਰਟੀ ਤੇ ਖਾਣਾ ਕਈ ਕਿਸਮ ਦਾ ਅਤੇ ਸਿਹਤਮੰਦ ਸੀ ਪਰ ਸੁਆਦ ਬਿਲਕੁਲ ਨਹੀਂ ਸੀ।

**15** **M2** ਮੇਰੇ ਅਠਾਰਵੇਂ ਜਨਮ ਦਿਨ ਦੀ ਪਾਰਟੀ ਤੇ ਅਸੀਂ ਭੰਗੜਾ ਘੱਟ ਹੀ ਪਾ ਸਕੇ ਕਿਉਂਕਿ ਡੀ ਜੇ ਨੇ ਗਾਣੇ ਬਹੁਤ ਬੋਰਿੰਗ ਲਾਏ ਸਨ।

**16** **M1** ਸਤਿੰਦਰ ਤੁਸੀਂ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਇੱਕ ਸਾਲ ਦੀ ਛੁੱਟੀ ਕਿਉਂ ਲੈਣਾ ਚਾਹੁੰਦੇ ਹੋ?

**F2** ਯੂਨੀਵਰਸਿਟੀ ਜਾਣ ਤੋਂ ਪਹਿਲਾਂ ਇਸ ਸਾਲ ਦੇ ਦੌਰਾਨ ਮੈਂ ਵੱਖ ਵੱਖ ਦੇਸ਼ਾਂ ਵਿੱਚ ਘੁੰਮ ਫਿਰ ਕੇ ਤਜਰਬਾ ਹਾਸਲ ਕਰਨਾ ਚਾਹੁੰਦੀ ਹਾਂ ਪਰ ਮੈਨੂੰ ਫਿਕਰ ਹੈ ਕਿ ਖਰਚਾ ਬਹੁਤ ਜ਼ਿਆਦਾ ਹੋ ਜਾਵੇਗਾ।

**17** **F2** ਹਰਸ਼ ਤੁਹਾਡੇ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਇੱਕ ਸਾਲ ਦੀ ਛੁੱਟੀ ਲੈਣ ਬਾਰੇ ਕੀ ਖਿਆਲ ਹਨ ?

**M1** ਮੈਂ ਵੀ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਇੱਕ ਸਾਲ ਦੀ ਛੁੱਟੀ ਲੈਣੀ ਚਾਹੁੰਦਾ ਹਾਂ ਕਿਉਂਕਿ ਮੈਂ ਇਸ ਸਾਲ ਦੇ ਦੌਰਾਨ ਗੀਤ ਗਾਉਣੇ ਸਿੱਖਣੇ ਚਾਹੁੰਦਾ ਹਾਂ ਪਰ ਮੈਂ ਪੜ੍ਹਾਈ ਵਿੱਚ ਆਪਣੇ ਦੋਸਤਾਂ ਨਾਲੋਂ ਇੱਕ ਸਾਲ ਪਿੱਛੇ ਰਹਿ ਜਾਵਾਂਗਾ।

**18** **F1** ਸਾਨੂੰ ਆਪਣੀ ਚੈਰਿਟੀ ਵਿੱਚ ਬੱਚਿਆਂ ਲਈ ਕੁਝ ਖਾਣ ਪੀਣ ਦੀਆਂ ਚੀਜ਼ਾਂ ਦੀ ਲੋੜ ਹੈ। ਸਭ ਤੋਂ ਜ਼ਿਆਦਾ ਤਾਜ਼ੇ ਫਲ ਅਤੇ ਸਬਜ਼ੀਆਂ ਦੀ ਲੋੜ ਹੈ। ਕੁਝ ਟਿਨ ਵਾਲੇ ਖਾਣੇ ਵੀ ਮਿਲ ਜਾਣ ਤਾਂ ਬਹੁਤ ਚੰਗਾ ਹੋਵੇਗਾ ਪਰ ਸਾਨੂੰ ਮੱਕੀ ਦੇ ਦਾਣਿਆਂ ਵਾਲੇ ਟਿਨ ਨਹੀਂ ਚਾਹੀਦੇ ਕਿਉਂਕਿ ਸਾਡੇ ਕੋਲ ਬਹੁਤ ਹਨ। ਜੇ ਦੁੱਧ ਜਾਂ ਦੁੱਧ ਤੋਂ ਬਣੀਆਂ ਚੀਜ਼ਾਂ ਮਿਲ ਜਾਣ ਤਾਂ ਹੋਰ ਵੀ ਚੰਗਾ ਹੋਵੇਗਾ।

**19** **F2** ਮੇਰੇ ਸ਼ਹਿਰ ਵਿੱਚ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਨਗਰ ਕੀਰਤਨ ਹੋਵੇਗਾ ਅਤੇ ਥਾਂ ਥਾਂ ਤੇ ਲੰਗਰ ਵੀ ਵਰਤਾਇਆ ਜਾਵੇਗਾ। ਮੇਰੀ ਸਹੇਲੀ ਦੇ ਸ਼ਹਿਰ ਵਿੱਚ ਵਿਸਾਖੀ ਦੇ ਤਿਉਹਾਰ ਤੇ ਭੰਗੜੇ ਅਤੇ ਗਿੱਧੇ ਦੇ ਮੁਕਾਬਲੇ ਕਰਵਾਏ ਜਾਣਗੇ। ਮੇਰੇ ਚਾਚਾ ਜੀ ਦੇ ਸ਼ਹਿਰ ਵਿੱਚ ਵਿਸਾਖੀ ਤੇ ਗੁਰਦੁਆਰੇ ਵਿੱਚ ਪਟਾਕਿਆਂ ਦਾ ਖਾਸ ਸ਼ੋਅ ਕੀਤਾ ਜਾਂਦਾ ਹੈ।

**20** **M2** ਸਾਡੇ ਸਕੂਲ ਦੇ ਕਲੱਬ ਨੇ ਵਾਤਾਵਰਣ ਦੀ ਦੇਖਭਾਲ ਲਈ ਪਿਛਲੀ ਟਰਮ ਵਿੱਚ ਸਕੂਲ ਦੇ ਬਗੀਚੇ ਵਿੱਚ ਸਬਜ਼ੀਆਂ ਉਗਾਈਆਂ ਸਨ। ਇਸ ਟਰਮ ਵਿੱਚ ਸਕੂਲ ਦੀ ਕੰਟੀਨ ਵਿੱਚ ਮੁੜ ਵਰਤੋਂ ਵਾਲੀਆਂ ਚੀਜ਼ਾਂ ਪਾਉਣ ਲਈ ਡੱਬੇ ਰੱਖੇ ਹਨ। ਅਗਲੀ ਟਰਮ ਵਿੱਚ ਸਾਰਿਆਂ ਨੂੰ ਸਕੂਲ ਦੇ ਖਤਮ ਹੋਣ ਤੋਂ ਬਾਅਦ ਜਮਾਤਾਂ ਦੇ ਕਮਰਿਆਂ ਦੇ ਪ੍ਰੋਜੈਕਟਰ ਬੰਦ ਕਰਨ ਦੀ ਸਲਾਹ ਦਿਆਂਗੇ।

Turn over ▶

## Section B

Questions and answers in **Panjabi**.

| 2 | 1 |

**F1** ਮੇਰਾ ਪਰਿਵਾਰ ਵਿਹਲੇ ਸਮੇਂ ਵਿੱਚ ਕੁਝ ਨਾ ਕੁਝ ਕਰਨ ਦਾ ਸ਼ੌਂਕ ਰੱਖਦਾ ਹੈ। ਮੇਰੇ ਪਿਤਾ ਜੀ ਪੁਰਾਣੀਆਂ ਫਿਲਮਾਂ ਦੇ ਗੀਤ ਸੁਣਨੇ ਪਸੰਦ ਕਰਦੇ ਹਨ। ਮੇਰੇ ਮਾਤਾ ਜੀ ਨੂੰ ਵੱਖ ਵੱਖ ਤਰ੍ਹਾਂ ਦੇ ਸਿਹਤਮੰਦ ਖਾਣੇ ਬਣਾਉਣ ਦਾ ਸ਼ੌਂਕ ਹੈ। ਮੇਰੀ ਭੈਣ ਨੂੰ ਡਰਾਮਿਆਂ ਵਿੱਚ ਕੰਮ ਕਰਨਾ ਬਹੁਤ ਚੰਗਾ ਲਗਦਾ ਹੈ। ਮੈਨੂੰ ਗਿੱਧਾ ਪਾਉਣਾ ਬਹੁਤ ਪਸੰਦ ਹੈ।

| 2 | 2 |

**M1** ਕੁਲਰਾਜ, ਕੀ ਤੁਹਾਨੂੰ ਨੌਕਰੀ ਮਿਲ ਗਈ ਹੈ ?

**F2** ਹਾਂ, ਨੌਕਰੀ ਤਾਂ ਮਿਲ ਗਈ ਹੈ ਪਰ ਪੈਸੇ ਬਹੁਤ ਘੱਟ ਮਿਲਦੇ ਹਨ। ਦਵਿੰਦਰ, ਤੁਹਾਡੀ ਨੌਕਰੀ ਕਿਵੇਂ ਹੈ ?

**M1** ਮੇਰੀ ਨੌਕਰੀ ਤਾਂ ਠੀਕ ਹੈ ਪਰ ਕੰਮ ਬਹੁਤ ਕਰਵਾਉਂਦੇ ਹਨ ਇਸ ਕਰਕੇ ਮੈਂ ਬਹੁਤ ਥੱਕ ਜਾਂਦਾ ਹਾਂ।

| 2 | 3 |

**F1** ਕੰਵਲ, ਤੁਹਾਡਾ ਹੋਸਟਲ ਦਾ ਕਮਰਾ ਕਿਸ ਤਰ੍ਹਾਂ ਦਾ ਹੈ ?

**F2** ਕਮਰਾ ਬਹੁਤ ਹੀ ਖੁੱਲ੍ਹਾ ਅਤੇ ਹਵਾਦਾਰ ਹੈ। ਕਮਰੇ ਦੇ ਬਿਲਕੁਲ ਸੱਜੇ ਪਾਸੇ ਇੱਕ ਬਹੁਤ ਵੱਡੀ ਅਲਮਾਰੀ ਹੈ ਅਤੇ ਖੱਬੇ ਪਾਸੇ ਮੰਜਾ ਹੈ ਪਰ ਕੰਧਾਂ ਦਾ ਗੂੜ੍ਹਾ ਨੀਲਾ ਰੰਗ ਹੋਣ ਕਰਕੇ ਕਮਰੇ ਵਿੱਚ ਰੋਸ਼ਨੀ ਘੱਟ ਹੈ।

**END OF TEST**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2023 AQA and its licensors. All rights reserved.